**ਦਫਤਰ ਰਿਵਾਈਜੰਗ ਅਥਾਰਿਟੀ (35 ਤਲਵੰਡੀ ਸਾਬੋ)-ਕਮ-ਉੱਪ ਮੰਡਲ ਮੈਜਿਸਟਰੇਟ ਤਲਵੰਡੀ ਸਾਬੋ**
**email- ero94talwandisabo@gmail.com**

ਵੱਲ,

(1) ਤਹਿਸੀਲਦਾਰ ਤਲਵੰਡੀ ਸਾਬੋ ।
(2) ਨਾਇਬ ਤਹਿਸੀਲਦਾਰ ਤਲਵੰਡੀ ਸਾਬੋ/ਸੰਗਤ ।
(3) ਕਾਰਜ ਸਾਧਕ ਅਫਸਰ ਨਗਰ ਕੌਂਸਲ ਤਲਵੰਡੀ ਸਾਬੋ/ਰਾਮਾਂ/ ਸੰਗਤ ।

ਨੰਬਰ/ਐਸ.ਜੀ.ਪੀ.ਸੀ 5635-5640 ਚੋਣਾਂ/ਤਸਾਬੋ . ਮਿਤੀ 12.01.2024

ਵਿਸ਼ਾ- ਐਸ.ਜੀ.ਪੀ.ਸੀ ਚੋਣਾਂ 2023 ਦੇ ਫਾਰਮਾਂ ਸਬੰਧੀ ਸਪੈਸ਼ਲ ਕੈਂਪ ਬਾਰੇ ।

ਹਵਾਲਾ- ਵਧੀਕ ਡਿਪਟੀ ਕਮਿਸ਼ਨਰ ਬਠਿੰਡਾ ਜੀ ਦੇ ਦਫਤਰ ਦਾ ਪੱਤਰ ਨੰਬਰ 141-46 ਮਿਤੀ 10.01.2024

ਐਸ.ਜੀ.ਪੀ.ਸੀ ਚੋਣਾਂ 2023 ਲਈ ਯੋਗ ਵੋਟਰਾਂ ਦੀ ਰਜਿਸਟਰੇਸ਼ਨ ਲਈ ਸਡਿਊਲ ਮਿਤੀ 21.10.2023 ਤੋਂ ਸ਼ੁਰੂ ਹੋਕੇ ਮਿਤੀ 29.02.2024 ਤੱਕ ਜਾਰੀ ਕੀਤਾ ਗਿਆ ਹੈ। ਇਸ ਸਬੰਧੀ ਮਾਨਯੋਗ ਵਧੀਕ ਡਿਪਟੀ ਕਮਿਸ਼ਨਰ ਬਠਿੰਡਾ ਜੀ ਵਲੋਂ ਮਾਨਯੋਗ ਮੁੱਖ ਸਕੱਤਰ ਪੰਜਾਬ ਜੀ ਵਲੋਂ ਕੀਤੀਆਂ ਹਦਾਇਤਾਂ ਅਨੁਸਾਰ ਮੀਟਿੰਗ ਕੀਤੀ ਗਈ (ਮੀਟਿੰਗ ਵਿੱਚ ਜਾਰੀ ਹਦਾਇਤਾਂ ਦਾ ਪੱਤਰ ਨਾਲ ਨੱਥੀ ਕੀਤਾ ਜਾਂਦਾ ਹੈ) ਮੀਟਿੰਗ ਵਿੱਚ ਵਿਚਾਰਿਆ ਗਿਆ ਕਿ ਵੋਟਰ ਸੂਚੀ ਲਈ ਬਹੁਤ ਘੱਟ ਗਿਣਤੀ ਵਿੱਚ ਫਾਰਮ ਪ੍ਰਾਪਤ ਹੋ ਰਹੇ ਹਨ ।

ਇਸ ਲਈ ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਆਪਦੇ ਅਧੀਨ ਕੰਮ ਕਰ ਰਹੇ ਪਟਵਾਰੀਆਂ ਅਤੇ ਈ.ਓ ਦਫਤਰ ਦੇ ਕਰਮਚਾਰੀਆਂ ਨੂੰ ਫਾਰਮਾਂ ਦੀ ਗਿਣਤੀ ਵਧਾਉਣ ਦੀਆਂ ਹਦਇਤਾਂ ਕੀਤੀਆਂ ਜਾਣ ਅਤੇ ਉਹਨਾਂ ਦੇ ਕੰਮ ਦੀ ਰੋਜਾਨਾ ਸਮੀਖਿਆ ਕੀਤੀ ਜਾਵੇ। ਨਿਮਨਹਸਤਾਖਰ ਵਲੋਂ ਮਿਤੀ 12.01.2024 ਨੂੰ 5 ਪਿੰਡਾਂ ਦਾ ਸਬੰਧਤ ਪਟਵਾਰੀਆਂ ਅਤੇ ਸ਼ਹਿਰੀ ਖੇਤਰਾਂ ਵਿੱਚ ਈ.ਓ ਦਫਤਰ ਦੇ ਕਰਮਚਾਰੀਆਂ ਦੀ ਹਾਜਰੀ ਵਿੱਚ ਦੌਰਾ ਕੀਤਾ ਜਾਵੇਗਾ ।

ਹਵਾਲੇ ਅਧੀਨ ਪੱਤਰ ਸਬੰਧੀ ਜਾਰੀ ਹਦਾਇਤਾਂ ਦੀ ਪਾਲਣਾ ਵਿੱਚ ਮਿਤੀ 15.01.2024 ਨੂੰ ਸਵੇਰੇ 10:00 ਵਜੇ ਤੋਂ ਸ਼ਾਮ 04:00 ਵਜੇ ਫਾਰਮ ਪ੍ਰਾਪਤ ਕਰਨ ਲਈ ਸਪੈਸ਼ਲ ਕੈਂਪ ਲਗਾਇਆ ਜਾਵੇ । ਇਸ ਕੈਂਪ ਸਬੰਧੀ ਵੱਧ ਤੋਂ ਵੱਧ ਪ੍ਰਚਾਰ ਕੀਤਾ ਜਾਵੇ। ਕੈਂਪ ਸਬੰਧੀ ਮੁਸਤਰੀ ਮੁਨਾਦੀ ਕਰਵਾਈ ਜਾਵੇ ਅਤੇ ਗੁਰਦੁਆਰਾ ਸਾਹਿਬ ਦੇ ਸਪੀਕਰਾਂ ਰਾਂਹੀ ਅਨਾਂਊਸਮੈਂਟ ਕਰਵਾਈ ਜਾਵੇ। ਸਪੈਸ਼ਲ ਕੈਂਪ ਲਈ ਫਾਰਮ ਲੋੜ ਅਨੁਸਾਰ ਇਸ ਦਫਤਰ ਪਾਸੋਂ ਪ੍ਰਾਪਤ ਕਰ ਲਏ ਜਾਣ ਅਤੇ ਸਬੰਧਤ ਬੀ.ਐਲ.ਓਜ ਅਤੇ ਪਟਵਾਰੀਆਂ/ਈ.ਓ ਦਫਤਰ ਕਰਮਚਾਰੀਆਂ ਨੂੰ ਉਪਲਬਧ ਕਰਵਾਏ ਜਾਣ।

ਮਿਤੀ 15.01.2024 ਨੂੰ ਬੂਥਾਂ ਤੇ ਬੀ.ਐਲ.ਓ ਫਾਰਮ ਪ੍ਰਾਪਤ ਕਰਨਗੇ।ਬੀ.ਐਲ.ਓਜ ਦੇ ਸਹਿਯੋਗ ਲਈ ਸਬੰਧਤ ਪਟਵਾਰੀ ਅਤੇ ਈ.ਓ ਦਫਤਰ ਦੇ ਕਰਮਚਾਰੀ ਪੋਲਿੰਗ ਬੂਥਾਂ ਤੇ ਹਾਜਰ ਰਹਿਣਗੇ ਅਤੇ ਹੇਠ ਦਿੱਤੇ ਪ੍ਰੋਫਾਰਮੇ ਵਿੱਚ ਸ਼ਾਮ 04:30 ਵਜੇ ਕੈਂਪ ਵਿੱਚ ਕੁਲੈਕਟ ਫਾਰਮਾਂ ਦੀ ਰਿਪੋਰਟ ਅਤੇ ਮਿਤੀ 15.01.2024 ਤੱਕ ਕੁੱਲ ਕੁਲੈਕਟ ਫਾਰਮਾਂ ਦੀ ਰਿਪੋਰਟ ਵੱਖਰੀ ਵੱਖਰੀ ਭੇਜਣੀ ਯਕੀਨੀ ਬਨਾਉਣਗੇ।

ਉਕਤ ਅਨੁਸਾਰ ਮਿਤੀਆਂ ਨੂੰ ਬੀ.ਐਲ.ਓਜ ਅਤੇ ਸਬੰਧਤ ਕਰਮਚਾਰੀਆਂ ਦੀ ਹਾਜਰੀ ਅਤੇ ਸਬੰਧਤ ਬੂਥਾਂ ਤੇ ਸਪੈਸ਼ਲ ਕੈਂਪ ਦੌਰਾਨ ਸਬੰਧਤ ਚੌਂਕੀਦਾਰ ਅਤੇ ਪਟਵਾਰੀ ਦੀ ਹਾਜਰੀ ਯਕੀਨੀ ਬਣਾਈ ਜਾਵੇ। ਇਸ ਸਬੰਧੀ ਕਿਸੇ ਵੀ ਤਰਾਂ ਦੀ ਅਣਗਹਿਲੀ ਨਾਂ ਕੀਤੀ ਜਾਵੇ ।

| ਪਿੰਡ ਦਾ ਨਾਂਮ | ਜਨਰਲ | | | ਅਨੁਸੂਚਿਤ ਜਾਤੀ | | | ਕੁੱਲ ਜੋੜ | | |
|---|---|---|---|---|---|---|---|---|---|
| | ਮਰਦ | ਔਰਤਾਂ | ਕੁੱਲ | ਮਰਦ | ਔਰਤਾਂ | ਕੁੱਲ | ਮਰਦ | ਔਰਤਾਂ | ਕੁੱਲ |

ਰਿਵਾਈਜੰਗ ਅਥਾਰਿਟੀ
(35 ਤਲਵੰਡੀ ਸਾਬੋ)-ਕਮ-
ਉੱਪ ਮੰਡਲ ਮੈਜਿਸਟਰੇਟ ਤਲਵੰਡੀ ਸਾਬੋ।

ਦਫਤਰ ਰਿਵਾਈਜੰਗ ਅਥਾਰਿਟੀ (35 ਤਲਵੰਡੀ ਸਾਬੋ)-ਕਮ-ਉਪ ਮੰਡਲ ਮੈਜਿਸਟਰੇਟ ਤਲਵੰਡੀ ਸਾਬੋ
email- cro94talwandisabo@gmail.com

ਮਿਤੀ- 12/01/2024

ਪਿਠ:ਅੰਕਣ ਨੰਬਰ .- 5641-5646

ਉਪਰੋਕਤ ਦਾ ਉਤਾਰਾ -

1.ਜਿਲ੍ਹਾ ਚੋਣ ਅਫਸਰ ਬਠਿੰਡਾ ਜੀ ਨੂੰ ਸੂਚਨਾ ਹਿੱਤ।

2. ਵਧੀਕ ਡਿਪਟੀ ਕਮਿਸ਼ਨਰ (ਵਿ) -ਕਮ- ਚੋਣਕਾਰ ਰਜਿਸਟਰੇਸ਼ਨ ਅਫਸਰ 093 ਬਠਿੰਡਾ ਦਿਹਾਤੀ ਨੂੰ 35 ਤਲਵੰਡੀ ਸਾਬੋ ਅਧੀਨ ਪੈਂਦੇ ਪਿੰਡ ਜ਼ੋ ਕਿ ਬਠਿੰਡਾ ਦਿਹਾਤੀ ਹਲਕੇ ਨਾਲ ਸਬੰਧਤ ਹਨ ਦੇ ਬੀ.ਐਲ.ਓਜ ਨੂੰ ਡਿਊਟੀ ਲਈ ਪਾਬੰਦ ਕਰਨ ਸਬੰਧੀ ਬੇਨਤੀ ਕੀਤੀ ਜਾਂਦੀ ਹੈ।

3. ਜ਼ਿਲ੍ਹਾ ਸਿੱਖਿਆ ਅਫਸਰ ਬਠਿੰਡਾ (ਸ.ਸ/ਅ.ਸ) ਬਠਿੰਡਾ ਨੂੰ ਲੋੜੀਂਦੀ ਕਾਰਵਾਈ ਹਿੱਤ।

4. ਸਮੂਹ ਸੁਪਰਵਾਈਜਰ 094 ਤਲਵੰਡੀ ਸਾਬੋ ਨੂੰ ਭੇਜ਼ ਕੇ ਹਦਾਇਤ ਕੀਤੀ ਜਾਂਦੀ ਹੈ ਕਿ ਸਮੂਹ ਬੀ.ਐਲ.ਓਜ ਨੂੰ ਮਿਤੀ 15.01.2024 ਨੂੰ ਸਬੰਧਤ ਬੂਥਾਂ ਤੇ ਐਸ.ਜੀ.ਪੀ.ਸੀ ਚੋਣਾਂ ਦੇ ਫਾਰਮ ਪ੍ਰਾਪਤ ਕਰਨ ਲਈ ਬੂਥਾਂ ਦੇ ਸਪੈਸ਼ਲ ਕੈਂਪ ਲਗਾਉਣ ਲਈ ਪਾਬੰਦ ਕੀਤਾ ਜਾਵੇ ਅਤੇ ਇਸਦੀ ਸੁਪਰਵਿਜ਼ਨ ਕੀਤੀ ਜਾਵੇ।

5. ਸਮੂਹ ਬੀ.ਐਲ.ਓਜ 094 ਤਲਵੰਡੀ ਸਾਬੋ ਨੂੰ ਪਾਲਣਾ ਲਈ ।

ਰਿਵਾਈਜੰਗ ਅਥਾਰਿਟੀ
(35 ਤਲਵੰਡੀ ਸਾਬੋ)-ਕਮ-
ਉਪ ਮੰਡਲ ਮੈਜਿਸਟਰੇਟ ਤਲਵੰਡੀ ਸਾਬੋ।

**ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)ਬਠਿੰਡਾ**

**ਪਿਠ ਅੰਕਣ ਨੰ : ਜੀ-4/1 ( )2024/** 5065 **ਮਿਤੀ:12/01/2024**

**ਉਪਰੋਕਤ ਦਾ ਉਤਾਰਾ ਸਮੂਹ ਸਕੂਲ ਮੁੱਖੀਆਂ ਜਿਲ੍ਹਾ ਬਠਿੰਡਾ ਨੂੰ , ਭੇਜਕੇ ਲਿਖਿਆ ਜਾਂਦਾ ਹੈ ਕਿ ਉਕਤ ਪੱਤਰ ਵਿਚ ਦਰਜ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ ।**

12/1/24

**ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)**
**ਬਠਿੰਡਾ**